# 6th India-Indonesia Foreign Office Consultations

June 25, 2021

……………………………………………………………………………………………………

## ਭਾਰਤ ਅਤੇ ਇੰਡੋਨੇਸ਼ੀਆ ਦੇ ਵਿਦੇਸ਼ ਦਫ਼ਤਰਾਂ ਵਿਚਾਲੇ ਸਲਾਹ-ਮਸ਼ਵਰੇ ਦਾ 6ਵਾਂ ਗੇੜ

25 ਜੂਨ, 2021

1. ਭਾਰਤ ਅਤੇ ਇੰਡੋਨੇਸ਼ੀਆ ਦਰਮਿਆਨ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ (FOC) ਦਾ 6ਵਾਂ ਗੇੜ 25 ਜੂਨ, 2021 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਇਆ। ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੂਰਬ) ਸ੍ਰੀਮਤੀ ਰਿਵਾ ਗਾਂਗੁਲੀ ਦਾਸ ਨੇ ਕੀਤੀ, ਜਦੋਂ ਕਿ ਇੰਡੋਨੇਸ਼ੀਆਈ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਅੰਦਰ ਏਸ਼ੀਆ, ਪ੍ਰਸ਼ਾਂਤ ਅਤੇ ਅਫਰੀਕਾ ਦੇ ਡਾਇਰੈਕਟਰ ਜਨਰਲ ਸ੍ਰੀ ਅਬਦੁੱਲ ਕਾਦਿਰ ਜੈਲਾਨੀ ਨੇ ਕੀਤੀ। ਵਿਚਾਰ ਵਟਾਂਦਰੇ ਦਾ ਪਿਛਲਾ ਗੇੜ 22 ਜਨਵਰੀ, 2019 ਨੂੰ ਯੋਗਾਕਾਰਤਾ (ਇੰਡੋਨੇਸ਼ੀਆ) ਵਿੱਖੇ ਹੋਇਆ ਸੀ।

2. ਇਸ ਸਲਾਹ-ਮਸ਼ਵਰੇ ਦੌਰਾਨ ਦੋਵਾਂ ਪੱਖਾਂ ਨੇ ਵਿਆਪਕ ਰਣਨੀਤਕ ਭਾਈਵਾਲੀ ਦੇ ਢਾਂਚੇ ਤਹਿਤ ਸਮੁੱਚੇ ਦੁਵੱਲੇ ਸਬੰਧਾਂ ਦਾ ਜਾਇਜ਼ਾ ਲਿਆ। ਰਾਜਨੀਤਿਕ, ਰੱਖਿਆ, ਸੁਰੱਖਿਆ ਅਤੇ ਰਣਨੀਤਕ, ਆਰਥਿਕ ਅਤੇ ਸਭਿਆਚਾਰਕ ਸਮੇਤ ਵੱਖ - ਵੱਖ ਖੇਤਰਾਂ ਵਿਚ ਸਹਿਯੋਗ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ। ਉਨ੍ਹਾਂ ਨੇ ਲੋਕ ਪੱਧਰੀ ਸਬੰਧਾਂ ਨੂੰ ਹੋਰ ਉਤਸ਼ਾਹਤ ਕਰਨ ਦੇ ਤਰੀਕਿਆਂ ਅਤੇ ਭਾਰਤ -ਪ੍ਰਸ਼ਾਂਤ ਅੰਦਰ ਸਮੁੰਦਰੀ ਸਹਿਕਾਰਤਾ ਬਾਰੇ ਆਪਣੇ ਸਾਂਝੇ ਸੁਪਨੇ ਨੂੰ ਮਜ਼ਬੂਤ ਕਰਨ 'ਤੇ ਵੀ ਵਿਚਾਰ ਵਟਾਂਦਰੇ ਕੀਤੇ।

3. ਦੋਵਾਂ ਪੱਖਾਂ ਨੇ ਆਪਸੀ ਹਿੱਤ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰੇ ਕੀਤੇ। ਇਨ੍ਹਾਂ ਵਿਚ ASEAN ਅਤੇ ਭਾਰਤ ਵਿਚਾਲੇ ਸਹਿਯੋਗ ਨੂੰ ਮਜ਼ਬੂਤ ਕਰਨਾ, ਭਾਰਤ -ਪ੍ਰਸ਼ਾਂਤ ਸਮੁੰਦਰੀ ਪਹਿਲਕਦਮੀ (IPOI), ਬਹੁਪੱਖੀ ਸਹਿਕਾਰਤਾ, ਆਲਮੀ ਸੂਰਜੀ ਗਠਜੋੜ (ISA ) ਅਤੇ ਤਬਾਹੀ ਤੋਂ ਬਚਾਅ ਲਈ ਬੁਨਿਆਦੀ ਢਾਂਚਾ ਗਠਜੋੜ (CDRI) ਸ਼ਾਮਲ ਸਨ।

4. ਇਹ ਗੱਲਬਾਤ ਦੋਸਤਾਨਾ ਅਤੇ ਸੁਹਿਰਦ ਮਾਹੌਲ ਵਿੱਚ ਹੋਈ। ਦੋਵੇਂ ਪੱਖਾਂ ਨੇ ਆਪਸੀ ਸਹੂਲਤ ਦੇ ਸਮੇਂ ਅਨੁਸਾਰ ਅਗਲੇ ਸਲਾਹ-ਮਸ਼ਵਰੇ ਕਰਨ ਉੱਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
25 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.